## ਰਾਜਧਾਨੀ ਵਿੱਚ ਠੰਢ ਹੋਰ ਵਧਣ ਦੇ ਆਸਾਰ

**ਨਵੀਂ ਦਿੱਲੀ, 31 ਜਨਵਰੀ**
ਰਾਜਧਾਨੀ ਵਿੱਚ ਸੀਤ ਲਹਿਰ ਜਿਉਂ ਦੀ ਤਿਉਂ ਹੈ ਕਿਉਂਕਿ ਘੱਟ ਤੋਂ ਘੱਟ ਤਾਪਮਾਨ ਡਿੱਗ ਕੇ 3.4 ਡਿਗਰੀ ਸੈਲਸੀਅਸ ਤੱਕ ਚਲਿਆ ਗਿਆ ਹੈ। ਕੱਲ੍ਹ ਇਥੇ ਘੱਟ ਤੋਂ ਘੱਟ ਤਾਪਮਾਨ 3.4 ਡਿਗਰੀ ਸੈਲਸੀਅਸ ਸੀ।

ਅੱਜ ਇਥੇ ਵੱਧ ਤੋਂ ਵੱਧ ਤਾਪਮਾਨ 19.5 ਡਿਗਰੀ ਸੈਲਸੀਅਸ ਰਿਹਾ ਤੇ ਘੱਟ ਤੋਂ ਘੱਟ ਤਾਪਮਾਨ 3.4 ਡਿਗਰੀ ਸੈਲਸੀਅਸ ਰਿਹਾ, ਜੋ ਇਥੋਂ ਦੇ ਆਮ ਤਾਪਮਾਨ ਨਾਲੋਂ 6 ਡਿਗਰੀ ਘੱਟ ਹੈ।

ਮੌਸਮ ਵਿਭਾਗ ਨੇ ਪੇਸ਼ੀਨਗੋਈ ਕੀਤੀ ਹੈ ਕਿ ਅਗਲੇ ਦਿਨੀਂ ਤਾਪਮਾਨ ਹੋਰ ਘਟੇਗਾ ਤੇ ਠੰਢ ਹੋਰ ਵਧੇਗੀ। ਇਥੇ 2 ਜਨਵਰੀ ਨੂੰ ਘੱਟ ਤੋਂ ਘੱਟ ਤਾਪਮਾਨ 1.9 ਡਿਗਰੀ ਸੈਲਸੀਅਸ ਤੱਕ ਵੀ ਘਟ ਚੁੱਕਾ ਹੈ।

ਯੂ.ਐਨ.ਆਈ. ਅਨੁਸਾਰ ਰਾਜਧਾਨੀ ਵਿੱਚ ਅੱਜ ਠੰਢੀਆਂ ਹਵਾਵਾਂ ਚਲਦੀਆਂ ਰਹੀਆਂ। ਕੱਲ੍ਹ ਤਾਪਮਾਨ ਰਤਾ ਕੁਝ ਵਧਿਆ ਸੀ ਪਰ ਇਸ ਨਾਲ ਠੰਢ ਤੋਂ ਕੋਈ ਰਾਹਤ ਨਹੀਂ ਮਿਲੀ। ਭਲਕੇ ਘੱਟ ਤੋਂ ਘੱਟ ਤਾਪਮਾਨ 2 ਡਿਗਰੀ ਸੈਲਸੀਅਸ ਤੱਕ ਚਲੇ ਜਾਣ ਦੀ ਉਮੀਦ ਹੈ। -ਏਜੰਸੀਆਂ




ਪੰਜਾਬ ਵਿਚ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਬੱਚੇ ਵੀਰਵਾਰ ਨੂੰ ਨਵੀਂ ਦਿੱਲੀ ਵਿਚ ਜੰਤਰ-ਮੰਤਰ ਵਿਖੇ ਕੇਂਦਰ ਸਰਕਾਰ ਵਿਰੁੱਧ ਮੁਜ਼ਾਹਰਾ ਕਰਦੇ ਹੋਏ (ਫੋਟੋ: ਮੁਕੇਸ਼ ਅਗਰਵਾਲ)

## ਟੈਲੀ ਫਿਲਮ 'ਮੇਰੀ ਸੁਣੋ' ਦੀ ਸ਼ੂਟਿੰਗ

# ਖੁਦਕੁਸ਼ੀਆਂ ਕਰ ਗਏ ਪੰਜਾਬੀ ਕਿਸਾਨਾਂ ਦੇ ਬੱਚਿਆਂ ਨੂੰ ਵਲੋਂ ਰਾਜਧਾਨੀ ਵਿਚ ਮੁਜ਼ਾਹਰਾ

**ਪੱਤਰ ਪ੍ਰੇਰਕ**

**ਨਵੀਂ ਦਿੱਲੀ, 31 ਜਨਵਰੀ**
ਦੇਸ਼ ਦੀ ਰਾਜਧਾਨੀ ਅੰਦਰ ਇਕ ਮੁਜ਼ਾਹਰਾ ਇਹੋ ਜਿਹਾ ਹੋਇਆ ਜਿਸ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ। ਭਾਰਤ ਭਰ 'ਚ ਮੰਦਹਾਲੀ ਤੇ ਕਰਜ਼ਿਆਂ ਦੀ ਮਾਰ ਹੇਠ ਦੱਬੇ ਕਿਸਾਨਾਂ ਵਲੋਂ ਖੁਦਕੁਸ਼ੀਆਂ ਕਰਨ ਦੀ ਸਮੱਸਿਆ ਬਾਰੇ ਅਜਿਹੇ ਪੀੜਤ ਪਰਿਵਾਰਾਂ ਦੇ ਬੱਚਿਆਂ ਪ੍ਰਤੀ ਹਮਦਰਦੀ ਪ੍ਰਗਟ ਕਰਨ ਲਈ ਦਿੱਲੀ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਮੰਡੀ ਹਾਊਸ ਤੋਂ ਖੇਤੀਬਾੜੀ ਮੰਤਰੀ ਦੇ ਦਫਤਰ ਤੱਕ ਮਾਰਚ ਕੀਤਾ ਤੇ ਇਸ ਕਰਜ਼ੇ ਦੀਆਂ ਸਰਕਾਰੀ ਯੋਜਨਾਵਾਂ ਦੀ ਸਹੀ ਦਿਸ਼ਾ ਨਾ ਹੋਣ ਕਾਰਨ ਆਈ ਖੜੋਤ ਨੂੰ ਇਨ੍ਹਾਂ ਪੰਜਾਬ ਦੇ ਬੱਚਿਆਂ ਨੇ ਦਿੱਲੀ 'ਚ ਦਰਸਾਇਆ ਤੇ ਆਪਣੀ ਆਵਾਜ਼ ਰਾਹੀਂ ਦਿੱਲੀ ਸਰਕਾਰ ਨੂੰ ਜਗਾਉਣ ਦੀ ਇਕ ਕੋਸ਼ਿਸ਼ ਹੋਰ ਸਾਥੀਆਂ ਨਾਲ ਮਿਲ ਕੇ ਕੀਤੀ। ਇਨ੍ਹਾਂ ਬੱਚਿਆਂ ਨੇ ਜੋ ਤਖ਼ਤੀਆਂ ਫੜੀਆਂ ਹੋਈਆਂ ਸਨ ਤੇ ਲਿਖਿਆ ਸੀ 'ਨੋ ਮੋਰ ਫਾਰਮਰ ਸੁਸਾਈਡਜ਼' ਮਾਰਚ 'ਚ ਦੇਸ਼ ਦੇ ਹੋਰ ਹਿੱਸਿਆਂ ਤੋਂ ਵੀ ਬੱਚਿਆਂ ਪ੍ਰਤੀ ਵੀ ਹਮਦਰਦੀ ਪ੍ਰਗਟ ਕੀਤੀ ਗਈ।

ਲੋਕ ਰਾਜ ਸੰਗਠਨ ਦੇ ਆਗੂ ਐਸ. ਰਾਜਵਨ, ਸ੍ਰੀ ਰਾਮ ਸਵਾਮੀ ਆਈਅਰ, ਕੰਮਿਊਨਿਸਟ ਗਦਰ ਪਾਰਟੀ, ਆਫ ਇੰਡਆ ਦੇ ਆਗੂ ਪ੍ਰਕਾਸ਼ ਰਾਓ ਸਮੇਤ ਹੋਰ ਆਗੂਆਂ ਨੇ ਮਾਰਚ 'ਚ ਹਿੱਸਾ ਲਿਆ। ਕਿਸਾਨਾਂ ਦੀ ਮੁਕਤੀ ਲਈ ਸਰਕਾਰ ਵਲੋਂ ਕਦਮ ਪੁੱਟੇ ਜਾਣ ਦੀ ਦੁਹਾਈ ਦਿੱਤੀ। ਇਨ੍ਹਾਂ ਬੱਚਿਆਂ ਵਲੋਂ ਖੇਤੀਬਾੜੀ ਸ਼ਰਦ ਪਵਾਰ ਦੇ ਨਾਂ ਇਕ ਯਾਦ ਪੱਤਰ ਵੀ ਭੇਜਿਆ ਗਿਆ।

ਪੰਜਾਬ ਤੋਂ ਆਏ ਕਈ ਬੱਚਿਆਂ ਨੇ ਇਸ ਮਾਰਚ ਦੀ ਅਗਵਾਈ ਕੀਤੀ। ਇਹ ਪੰਜਾਬੀ ਬੱਚੇ ਉਨ੍ਹਾਂ ਪਰਿਵਾਰਾਂ ਦੇ ਸਨ ਜਿਨ੍ਹਾਂ ਦੇ ਪਿਓ ਜਾਂ ਹੋਰ ਕਰੀਬੀ ਲੋਕ ਕਰਜ਼ਿਆਂ ਦੀ ਪੰਡ ਨਾ ਚੁੱਕਦੇ ਹੋਏ ਖੁਦਕੁਸ਼ੀਆਂ ਦੇ ਰਾਹ ਪੈ ਗਏ ਸਨ ਅਤੇ ਇਨ੍ਹਾਂ ਦੇ ਪਰਿਵਾਰ ਰੁਲ ਰਹੇ ਹਨ।

## ਬਲਾਕ ਸਮਿਤੀ ਦਾ ਚੇਅਰਮੈਨ ਇਨੈਲੋ 'ਚ ਸ਼ਾਮਲ

**ਪੱਤਰ ਪ੍ਰੇਰਕ**

**ਏਲਨਾਬਾਦ, 31 ਜਨਵਰੀ**
ਸਮਿਤੀ ਰਾਣੀਆਂ ਦੇ ਚੇਅਰਮੈਨ ਸੁਭਾਸ਼ ਨਹਿਰਾ ਨੇ ਆਪਣੇ ਹਮਾਇਤੀਆਂ ਸਮੇਤ ਅਭੈ ਚੌਟਾਲਾ ਦੀ ਮੌਜੂਦਗੀ 'ਚ ਕਾਂਗਰਸ ਨੂੰ ਅਲਵਿਦਾ ਕਹਿ ਕੇ ਇਨੈਲੋ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਨਜ਼ਦੀਕੀ ਪਿੰਡ ਧੋਤੜ ਦੇ ਚੌਧਰੀ ਦੇਵੀ ਲਾਲ ਪਾਰਕ 'ਚ ਹੋਏ ਜਲਦੇ 'ਚ ਸ੍ਰੀ ਨਹਿਰਾ ਨੇ ਕਿਹਾ ਕਿ ਕਾਂਗਰਸ ਸਰਕਾਰ ਜਨਤਾ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ ਹੈ। ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਚਲਦੇ ਕਾਂਗਰਸ 'ਚ ਉਨ੍ਹਾਂ ਦਾ ਦਮ ਘੁੱਟ ਰਿਹਾ ਸੀ। ਇਸ ਮੌਕੇ ਸ੍ਰੀ ਚੌਟਾਲਾ ਨੇ ਨੇਹਰਾ ਨੂੰ ਵਿਧੀਵਤ ਤੌਰ 'ਤੇ ਪਾਰਟੀ 'ਚ ਸ਼ਾਮਲ ਕਰ ਲਿਆ।